بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.05.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਆਂਹਜ਼ਤਰ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਸਹਾਬੀ ਅਤੇ ਦੂਜੇ ਰੂਹਾਨੀ ਖ਼ਲੀਫ਼ਾ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ**

**ਮਜ਼ਲੂਮ ਫ਼ਲਸਤੀਨੀਆਂ ਲਈ ਦੁਆਵਾਂ ਕਰੋ ਅਲੱਾਹ ਤਆਲਾ ਰਹਿਮ ਕਰੇ ਅਤੇ ਫ਼ਲਸਤੀਨੀਆ ਲਈ ਵੀ ਹਕੀਕੀ ਸੁਤੰਤਰਤਾ ਪ੍ਰਦਾਨ ਕਰੇ । ਅਲੱਾਹ ਤਆਲਾ ਇਹਨਾਂ ਨੂੰ ਅਜਿਹੇ ਲੀਡਰ ਵੀ ਪ੍ਰਦਾਨ ਕਰੇ ਜਿੰਨ੍ਹਾ ਵਿੱਚ ਅਕਲ ਤੇ ਬੋਧ ਵੀ ਹੋਵੇ ਅਤੇ ਮਜ਼ਬੂਤੀ ਵੀ ਹੋਵੇ ਜੋ ਆਪਣੀ ਗੱਲ ਕਹਿਣ ਅਤੇ ਆਪਣੇ ਹੱਕ ਲੈਂਣ ਵਾਲੇ ਵੀ ਹੋਣ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਮਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ اَلرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ । ਆਪ ਬਦਰ ਦੀ ਜੰਗ ਸਣੇ ਸਾਰੀਆਂ ਜੰਗਾਂ ਤੇ ਅਨੇਕਾਂ ਸਰਾਯਾ (ਅਰਥਾਤ ਉਹ ਜੰਗਾ ਜਿੰਨ੍ਹਾ ਵਿੱਚ ਆਂਹਜ਼ਰਤ ਸਲਲਾਹੁ ਅਲੈਹਿ ਵਸਲੱਮ ਆਪ ਸ਼ਾਮਲ ਨਹੀਂ ਸਨ) ਵਿੱਚ ਸ਼ਾਮਲ ਹੋਏ । ਬਦਰ ਦੀ ਜੰਗ ਵਿੱਚ ਹਜਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ, ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਇਕ ਊਠ'ਤੇ ਵਾਰੀ ਵਾਰੀ ਸਵਾਰ ਹੁੰਦੇ ਸਨ । ਬਦਰ ਦੀ ਜੰਗ ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੁਰੈਸ਼ ਦੇ ਵਪਾਰੀ ਜੱਥਿਆਂ ਦੀ ਰੋਕਥਾਮ ਲਈ ਨਿਕਲੇ ਤਾਂ ਰਸਤੇ ਵਿੱਚ ਖ਼ਬਰ ਮਿਲੀ ਕਿ ਕੁਰੈਸ਼ ਦਾ ਇਕ ਬਹੁਤ ਵਡੱਾ ਤੇ ਤੇਜ਼ ਰਫ਼ਤਾਰ ਲਸ਼ਕਰ ਵਪਾਰਕ ਜੱਥੇ ਨੂੰ ਬਚਾਉਣ ਲਈ ਨਿਕਲ ਗਿਆ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਸਹਾਬਾ ਕਰਾਮ ਨੂੰ ਇਹ ਖ਼ਬਰ ਦਿੱਤੀ ਅਤੇ ਸਲਾਹ ਮੰਗੀ ਤਾਂ ਇਕ ਜੱਥੇ ਨੇ ਲਸ਼ਕਰ ਨੂੰ ਝਡੱਣ ਅਤੇ ਵਪਾਰਕ ਜੱਥੇ ਦੇ ਡਕੱਣ ਦੇ ਹੱਕ ਵਿੱਚ ਰਾਏ ਦਿੱਤੀ । ਇਹ ਸਲਾਹ ਸੁਣਕੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਚਿਹਰੇ ਦਾ ਰੰਗ ਬਦਲ ਗਿਆ । ਅਜਿਹੇ ਸਮੇਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ, ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਮਿਕਦਾਦ ਰਜ਼ੀ ਅਲੱਾਹੁ ਅਨਹੁ ਨੇ ਬਹੁਤ ਜੋਸ਼ ਭਰੇ ਭਾਸ਼ਣ ਦਿੱਤੇ ਅਤੇ ਹਰ ਹਾਲ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦਾ ਸਾਥ ਦੇਣ ਦਾ ਭਰੋਸਾ ਦੁਆਇਆ ।

ਹਜ਼ਰਤ ਉਮਰ ਦੀ ਸਾਹਿਬਜ਼ਾਦੀ ਹਜ਼ਰਤ ਹਫ਼ਜ਼ਾਹ ਰਜ਼ੀ ਅਲੱਾਹੁ ਅਨਹਾ ਦੇ ਪਤੀ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਬਦਰ ਦੀ ਜੰਗ ਦੇ ਬਾਦ ਬਿਮਾਰ ਹੋਕੇ ਫ਼ੌਤ ਹੋ ਗਏ । ਇਸ ਸਮੇਂ ਹਜ਼ਰਤ ਹਫ਼ਜ਼ਾਹ ਦੀ ਉਮਰ ਵੀਹ ਸਾਲ ਤੋਂ ਵੱਧ ਸੀ । ਸੋ, ਹਜ਼ਰਤ ਉਮਰ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਅਤੇ ਫਿਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੋਂ ਹਜ਼ਰਤ ਹਫ਼ਜ਼ਾਹ ਰਜ਼ੀ ਅਲੱਾਹੁ ਅਨਹਾ ਨਾਲ ਨਿਕਾਹ ਕਰ ਲੈਂਣ ਦੀ ਗੱਲ ਕੀਤੀ । ਜਦੱ ਦੋਹਾਂ ਵੱਲੋਂ ਇਸ ਮਾਮਲੇ ਵਿੱਚ ਖ਼ਮੋਸ਼ੀ ਤੇ ਧਨਾਤਮਕ ਉਤੱਰ ਨ ਮਿਲਿਆ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਬਹੁਤ ਦੁੱਖ ਜਿਹਾ ਹੋਇਆ । ਆਪ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਏ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਮਰ ਚਿੰਤਾ ਨ ਕਰੋ ਰੱਬ ਨੂੰ ਮੰਜ਼ੂਰ ਹੋਇਆ ਤਾਂ

ਹਫ਼ਜ਼ਾਹ ਨੂੰ ਉਸਮਾਨ ਤੇ ਅਬੂਬਕਰ ਤੋ ਚੰਗਾ ਪਤੀ ਅਤੇ ਉਸਮਾਨ ਨੂੰ ਹਫ਼ਜ਼ਾ ਤੋਂ ਚੰਗੀ ਪਤਨੀ ਮਿਲੇਗੀ । ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਪ ਆਪਣੇ ਵੱਲੋਂ ਹਜ਼ਰਤ ਹਫ਼ਜ਼ਾਹ ਲਈ ਸੰਦੇਸ਼ ਭੇਜਿਆ ਤਾਂ ਹਜ਼ਰਤ ਉਮਰ ਨੇ ਅਤਿਅੰਤ ਖ਼ੁਸ਼ੀ ਨਾਲ ਕੁਬੂਲ ਕਰ ਲਿਆ ਅਤੇ ਸ਼ਾਬਾਨ 3 ਹਿਜਰੀ ਵਿੱਚ ਹਜ਼ਰਤ ਹਫ਼ਜ਼ਾਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਨਿਕਾਹ ਵਿੱਚ ਆਣਕੇ ਨਬੀ ਕਰੀਮ ਦੀ ਪਤਨੀ ਬਣ ਗਈ ।

ਉਹਦ ਦੀ ਜੰਗ ਸਮੇਂ ਜੱਦ ਕੁਰੈਸ਼ ਨੇ ਲਗਭਗ ਚਾਰੇ ਪਾਸਿਓਂ ਕਰੜਾ ਹਮਲਾ ਕੀਤਾ ਅਤੇ ਮੁਸਲਮਾਨਾ ਦੇ ਝੰਡਾਵਾਹਕ ਹਜ਼ਰਤ ਮਸਾਅਬ ਬਿਨ ਉਮੈਰ ਰਜ਼ੀ ਅਲੱਾਹੁ ਅਨਹੁ ਸ਼ਹੀਦ ਹੋਏ ਤਾਂ ਕਿਉਂਕਿ ਉਹਨਾ ਦਾ ਡੀਲ ਡੋਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨਾਲ ਮਿਲਦਾ ਸੀ, ਇਸ ਲਈ ਰੌਲਾ ਪੈ ਗਿਆ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਸ਼ਹੀਦ ਹੋ ਗਏ ਹਨ । ਇਸ ਖ਼ਬਰ ਨਾਲ ਮੁਸਲਮਾਨਾ ਦੇ ਰਹੇ ਸਹੇ ਹੌਂਸਲੇ ਵੀ ਉੱਡ ਗਏ ਅਤੇ ਉਹਨਾਂ ਦਾ ਇਕੱਠ ਖਿੰਡ ਪੁੰਡ ਗਿਆ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਸ ਸਮੇਂ ਮੁਸਲਮਾਨ ਤਿੰਨ ਭਾਗਾ ਵਿੱਚ ਵੰਡੇ ਗਏ ਸਨ । ਇੱਕ ਭਾਗ ਉਹ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸ਼ਹੀਦੀ ਬਾਰੇ ਸੁਣਕੇ ਨਿਖੜ ਗਿਆ ਸੀ, ਪਰ ਇਹ ਸਭ ਤੋਂ ਘੱਟ ਸਨ । ਦੂਜਾ ਭਾਗ ਉਹ ਜੋ ਇਹ ਖ਼ਬਰ ਨੂੰ ਸੁਣਕੇ ਹਿਮੱਤ ਹਾਰ ਬੈਠੇ ਸਨ ਅਤੇ ਲੜਨ ਨੂੰ ਵਿਅਰਥ ਸਮਝਦੇ ਸਨ । ਤੀਜ਼ਾ ਭਾਗ ਉਹ ਸੀ ਜੋ ਨਿਰੰਤਰ ਲੜ ਰਿਹਾ ਸੀ । ਇਹ ਮੁਸਲਮਾਨਾ ਲਈ ਇਕ ਅਤਿਅੰਤ ਔਖਾ ਤੇ ਪ੍ਰੀਖਿਆ ਦਾ ਸਮਾਂ ਸੀ । ਸੋ, ਹਜ਼ਰਤ ਉਮਰ ਵੀ ਉਹਨਾਂ ਲੋਕਾਂ ਵਿੱਚੋਂ ਸਨ ਜੋ ਮਯੂਸ ਹੋਕੇ ਇਕ ਪਾਸੇ ਬਹਿ ਗਏ । ਇਹਨਾ ਲੋਕਾਂ ਨੂੰ ਜਿਵੇਂ ਜਿਵੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਜੀਉਂਦੇ ਹੋਣ ਦੀ ਖ਼ਬਰ ਮਿਲੀ ਇਹ ਦੀਵਾਨਿਆਂ ਵਾਂਗ ਲੜਦੇ ਭਿੜਦੇ ਆਪ ਜੀ ਦੁਆਲੇ ਇਕੱਠੇ ਹੁੰਦੇ ਜਾਂਦੇ ਸਨ । ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਆਪਣੇ ਕੁਝ ਸਹਾਬਾ ਨਾਲ ਪਹਾੜ ਦੀ ਘਾਟੀ ਵਿੱਚ ਪਹੁੰਚੇ ਤਾਂ ਕੁਫ਼ੱਾਰ ਦੇ ਇਕ ਜੱਥੇ ਨੇ ਘਾਟੀ'ਤੇ ਹਮਲਾ ਕਰ ਦਿਤੱਾ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਉਸ ਸਮੇਂ ਦੁਆ ਕੀਤੀ ਕਿ ਹੇ ਅਲੱਾਹ ! ਇਹ ਲੋਕ ਸਾਡੇ ਕੋਲ ਨ ਪਹੁੰਚ ਸਕਣ । ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਕੁਝ ਮੁਹਾਜਰਾਂ ਦੇ ਨਾਲ ਇਹਨਾ ਮੁਸ਼ਰਕਾਂ ਦਾ ਮੁਕਾਬਲਾ ਕੀਤਾ ਅਤੇ ਮਾਰਦਿਆਂ ਮਾਰਦਿਆਂ ਇਹਨਾ ਨੂੰ ਭਜਾ ਦਿੱਤਾ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਰਜ਼ੀ ਅਲੱਾਹੁ ਅਨਹੁ ਲਿਖੱਦੇ ਹਨ ਕਿ ਅਬੂ ਸੁਫ਼ਯਾਨ ਆਪਣੇ ਕੁਝ ਸਾਥੀਆਂ ਸਣੇ ਉਸ ਦੱਰੇ ਵੱਲ ਵੱਧਿਆ ਜਿੱਥੇ ਕੁਝ ਮੁਸਲਮਾਨ ਇਕੱਠੇ ਸਨ ਅਤੇ ਵਾਜ ਮਾਰਕੇ ਬੋਲਿਆ ਮਮੁਸਲਮਾਨੋ ਕੀ ਤੁਹਾਡੇ ਵਿੱਚ ਮੁਹਮੱਦ ਹਨ ? ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਦੇਸ਼ ਦਿੱਤਾ ਕਿ ਕੋਈ ਉਤੱਰ ਨੇ ਦੇਵੇ । ਫਿਰ ਉਸ ਨੇ ਅਬੂ ਬਕਰ ਤੇ ਉਮਰ ਦਾ ਪੁੱਛਿਆ ਪਰ ਇਸ'ਤੇ ਵੀ ਆਪਦੇ ਨਿਰਦੇਸ਼ ਅਨੁਸਾਰ ਉਤੱਰ ਨਾ ਦਿਤੱਾ ਗਿਆ । ਜਿਸ'ਤੇ ਅਬੂ ਸੁਫ਼ਯਾਨ ਨੇ ਉੱਚੀ ਅਵਾਜ਼ ਤੇ ਫ਼ਖ਼ਰ ਨਾਲ ਕਿਹਾ ਕਿ ਇਹ ਸਾਰੇ ਲੋਕ ਮਾਰੇ ਗਏ ਹਨ ਕਿਉਂਕਿ ਜੇਕਰ ਇਹ ਜੀਉਂਦੇ ਹੁੰਦੇ ਤਾਂ ਉਤੱਰ ਦਿੰਦੇ । ਇਸ'ਤੇ ਹਜ਼ਰਤ ਉਮਰ ਤੋਂ ਨ ਰਿਹਾ ਗਿਆ ਅਤੇ ਉਹ ਬੇ ਇਖ਼ਤਿਆਰ ਹੋਕੇ ਬੋਲੇ, ਹੇ ਉਦੁਵੱੁਲੱਾਹ (ਰੱਬ ਦੇ ਦੁਸ਼ਮਣ) ! ਤੂੰ ਝੂਠ ਕਹਿੰਦਾ ਹੈਂ ਅਸੀਂ ਸਾਰੇ ਜੀਉਂਦਾ ਹਾਂ ਅਤੇ ਰੱਬ ਸਾਡੇ ਹੱਥੀ ਤੁਹਾਨੂੰ ਜ਼ਲੀਲ ਕਰੇਗਾ । ਜੱਦ ਅਬੂ ਸਸ਼ਯਾਨ ਨੇ 'ਉਲੋਹੁਬਲ' ਆਰਥਾ ਹੇ ਬੈਲ (ਆਪਣੇ ਬੁੱਤ) ਦਾ ਨਾਅਰਾ ਲਾਇਆ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਜੋ ਆਪਣੇ ਨਾਂ'ਤੇ ਚੁੱਪ ਰਹਿਣ ਦਾ ਹੁਕਮ ਦੇ ਚੁਕੇ ਸਨ, ਹੁਣ ਰੱਬ ਦੇ ਮੁਕਾਬਲੇ ਵਿੱਚ ਬੁੱਤ ਦਾ ਨਾਂ ਆਉਂਦਿਆਂ ਹੀ ਬੇਚੈਨ ਹੋ ਉੱਠੇ ਅਤੇ ਫ਼ਰਮਾਇਆ ਤੁਸੀਂ ਉਤੱਰ ਕਿਉਂ ਨਹੀਂ ਦਿੰਦੇ ? ਆਖੋ, ਅਲੱਾਹੁ ਆਲਾ ਵ ਅਜਲ ( اللهُ اَعْلٰى وَاَجَل ) ਅਰਥਾਤ ਵੱਡਿਆਈ ਤੇ ਬੁਲੰਦੀ ਕੇਵਲ ਅਲੱਾਹ ਨੂੰ ਹੀ ਪ੍ਰਾਪਤ ਹੈ । ਅਬੂ ਸੁਫ਼ਯਾਨ ਨੇ ਕਿਹਾ لنا العزىٰ ولا عزى ਸਾਡੇ ਨਾਲ ਉਜ਼ਾ ਹੈ ਅਤੇ ਤੁਹਾਡੇ ਨਾਲ ਨਹੀਂ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਸਹਾਬਾ ਨੂੰ ਕਿਹਾ ਆਖੋ, الله مولنا ولا مولى لكم 'ਅਲੱਾਹੁ ਮੌਲਾਨਾ ਵਲਾ ਮੌਲਾ ਲਕੁਮ', ਉਜ਼ਾ ਕੀ ਚੀਜ਼ ਹੈ, ਸਾਡੇ ਨਾਲ ਅਲੱਾਹ ਹੈ ਸਾਡਾ ਮਦਦਗਾਰ ਹੈ ਅਤੇ ਤੁਹਾਡਾ ਕੋਈ ਸਹਾਇਕ ਨਹੀਂ ਹੈ ।

ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਹਦ ਦੀ ਜੰਗ ਦੇ ਬਾਦ ਮਦੀਨੇ ਪਹੁੰਚੇ ਤਾਂ ਮੁਨਾਫ਼ਕ ਅਤੇ ਯਹੂਦੀ ਖ਼ੁਸ਼ੀਆਂ ਮਨਾਉਂਣ ਲੱਗੇ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਬਾਦਸ਼ਾਹੀ ਦੇ ਜਾਚਕ ਹਨ ਅਤੇ ਅੱਜ ਕਿਹੜੇ ਨਬੀ ਨੇ ਐਨ੍ਹਾ ਹਾਣ ਚੁੱਕਿਆ

ਜਿੰਨ੍ਹਾ ਐਨ੍ਹਾ ਨੇ ਚੁੱਕਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤੋਂ ਇਹਨਾ ਮੁਨਾਫ਼ਕਾਂ ਦੇ ਕਤਲ ਦੀ ਆਗਿਆ ਮੰਗੀ ਪਰ ਆਪ ਨੇ ਫ਼ਰਮਾਇਆ ਕਿ ਮੈਂਨੂੰ ਕਲਮਾ ਪੜ੍ਹਨ ਵਾਲੇ ਦੇ ਕਤਲ ਤੋਂ ਮਨਾ ਕੀਤਾ ਗਿਆ ਹੈ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਭਵਿੱਖ ਵਿੱਚ ਜਾਰੀ ਰਹਿਣ ਬਾਰੇ ਕਹਿਣ ਮਗਰੋਂ ਹਜ਼ੂਰ ਅਨਵਰ ਨੇ ਮਜ਼ਲੂਮ ਫ਼ਲਸਤੀਨੀ ਪ੍ਰਜਾ ਲਈ ਇਕ ਵਾਰ ਫਿਰ ਦੁਆ ਦੀ ਤਹਿਰੀਕ ਕੀਤੀ । ਫ਼ਰਮਾਇਆ ਭਾਵੇਂ ਜੰਗ ਬੰਦ ਹੋ ਗਈ ਹੈ ਪਰ ਇਤਿਹਾਸ ਦਸੱਦਾ ਹੈ ਕਿ ਕੁਝ ਸਮੇਂ ਬਾਦ ਕਿਸੇ ਨ ਕਿਸੇ ਬਹਾਨੇ ਦੁਸ਼ਮਣ ਇਹਨਾ ਮਜ਼ਲੂਮ ਫ਼ਲਸਤੀਨੀਆਂ ਨੂੰ ਜ਼ੁਲਮ ਦਾ ਨਿਸ਼ਾਨਾ ਬਣਾਉਂਦੇ ਰਹਿੰਦੇ ਹਨ । ਅਲੱਾਹ ਤਆਲਾ ਰਹਿਮ ਫ਼ਰਮਾਏ ਅਤੇ ਫ਼ਲਸਤੀਨੀਆਂ ਨੂੰ ਹਕੀਕੀ ਅਜ਼ਾਦੀ ਉਪਲਭਦ ਹੋਵੇ । ਅਲੱਾਹ ਤਆਲਾ ਇਹਨਾ ਨੂੰ ਅਜਿਹੇ ਲੀਡਰ ਪ੍ਰਦਾਨ ਕਰੇ ਜਿੰਨ੍ਹਾ ਵਿੱਚ ਅਕਲ ਤੇ ਵਿਆਪਕਤਾ ਹੋਵੇ । ਇਸੇ ਪ੍ਰਕਾਰ ਅਹਮਦੀਆਂ ਲਈ, ਜੋ ਜ਼ੁਲਮ ਦਾ ਨਿਸ਼ਾਨਾ ਬਣ ਰਹੇ ਹਨ । ਵਿਸ਼ੇਸ਼ ਰੂਪ ਵਿੱਚ ਪਾਕਿਸਤਾਨ ਵਿੱਚ ਇਹਨਾਂ ਲਈ ਬਹੁਤ ਦੁਆ ਕਰੋ । ਅਲੱਾਹ ਤਆਲਾ ਇਹਨਾ ਨੂੰ ਆਪਣੀ ਸੁਰੱਖਿਆ ਵਿੱਚ ਰੱਖੇ ।

ਇਸ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ, ਮੈਂ ਕੁਝ ਮਰਹੂਮਾ ਦਾ ਜ਼ਿਕਰ ਕਰਨਾ ਹੈ । ਪਹਿਲਾ ਜ਼ਿਕਰ ਕੁਰੈਸ਼ੀ ਮੁਹਮੱਦ  ਫ਼ਜ਼ਲੁਲੱਾਹ ਸਾਹਬ ਨਾਇਬ ਨਾਜ਼ਿਰ ਇਸ਼ਾਅਤ ਕਾਦੀਆਂ ਦਾ ਹੈ ਜੋ 27 ਅਪ੍ਰੈਲ ਨੂੰ ਵਫ਼ਾਤ ਪਾ ਗਏ ਹਨ । اناللهوانااليہراجعون । ਇਹਨਾ ਦੀ ਮਾਤਾ ਦੇ ਦਾਦਾ ਅਤੇ ਪਿਤਾ ਦੇ ਨਾਨਾ ਹਜ਼ਰਤ ਮੁੰਸ਼ੀ ਮਿਹਰਦੀਨ ਸਾਹਬ ਰਜ਼ੀ ਅਲੱਾਹੁ ਅਨਹੁ ਸਹਾਬੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਨ, ਜਿੰਨ੍ਹਾ ਰਾਹੀਂ ਇਹਨਾ ਦੇ ਪਰਿਵਾਰ ਵਿੱਚ ਅਹਮਦੀਅਤ ਆਈ ਅਤੇ ਇਹਨਾ ਦਾ ਨਾਂ ਮਿਨਾਰਾਤੁਲ ਮਸੀਹ ਲਈ ਚੰਦਾ ਦੇਣ ਵਾਲਿਆਂ ਵਿੱਚ ਵੀ ਉਕਰਿਆ ਹੋਇਆ ਹੈ । ਜਾਮਿਆ ਅਹਮਦੀਆ ਪਾਸ ਕਰਨ ਦੇ ਬਾਦ ਮੁਰੈਸ਼ੀ ਸਾਹਬ ਨੇ 23 ਸਾਲ ਪੰਜ ਮਹੀਨੇ ਜਾਮਿਆ ਅਹਮਦੀਆ ਵਿੱਚ ਪੜ੍ਹਾਉਣ ਦਾ ਕੰਮ ਕੀਤਾ ਅਤੇ ਇਹਨਾ ਦੀ ਸੇਵਾ ਦਾ ਕੁਲ ਸਮਾਂ 37 ਸਾਲ ਸੱਤ ਮਹੀਨੇ ਬਣਦਾ ਹੈ। ਰੱਬ ਦੀ ਅਪਾਰ ਮਿਹਰ ਨਾਲ ਇਹ ਮੂਸੀ ਸਨ। ਪਿਛੋਕੜ ਵਿੱਚ ਪਤਨੀ ਅਤੇ ਇਕ ਬੇਟਾ ਤੇ ਦੋ ਬੇਟੀਆਂ ਹਨ । ਇਹਨਾ ਬਾਰੇ ਮਖ਼ਦੂਮ ਸਾਹਬ ਨਾਜ਼ਿਰ ਨਸ਼ਰੋ ਇਸ਼ਾਅਤ ਲਿਖੱਦੇ ਹਨ ਕਿ ਬਹੁਤ ਮਿਹਰਵਾਨ ਉਸਤਾਦ ਸਨ । ਵਿਦਿਆਰਥੀਆਂ ਲਈ ਬਹੁਤ ਪ੍ਰੇਮ ਤੇ ਮਿਤੱਰਤਾ ਭਰਪੂਰ ਸੰਬੰਧ ਸੀ । ਅਤਿਅੰਤ ਇਮਾਨਦਾਰੀ ਅਤੇ ਵਕਫ਼ ਦੀ ਭਾਵਨਾ ਨਾਲ ਹਮੇਸ਼ਾ ਕੰਮ ਕੀਤਾ ਸਮੇਂ ਦੀ ਪਾਬੰਦੀ ਕਰਦੇ ਅਤੇ  ਵਿਦਿਆਰਥੀਆਂ ਤੋਂ ਸਮੇਂ ਪਾਬੰਦੀ ਕਵਾਉਂਦੇ ਸਨ । ਭਾਰਤ ਦੇ ਅਧਿਕਤਰ ਮੁਬਲੱਗ਼ ਇਹਨਾ ਦੇ ਸ਼ਗਿਰਦ ਹਨ ਅਤੇ ਇਹਨਾ ਤੋਂ ਉਹਨਾਂ ਨੇ ਲ਼ਾਭ ਚੁੱਕਿਆ । ਸੁਭਾਵ ਵਿੱਚ ਅਤਿਅੰਤ ਸਾਦਗੀ ਸੀ ਗਲੱਾਂ ਵਿੱਚ ਸੰਖੇਪਤਾ ਸੀ ਪਰ ਬਹੁਤ ਗਿਆਨ ਭਰਪੂਰ ਤੇ ਠੋਸ ਗਲੱਾਂ ਹੁੰਦੀਆ ਸਨ । ਨਾਇਬ ਸਦਰ ਖ਼ੁਦੱਾਮੁਲ ਅਹਮਦੀਆ ਭਾਰਤ ਦੇ ਰੂਪ ਵਿੱਚ ਇਹਨਾ ਨੂੰ ਸੇਵਾ ਦਾ ਮੌਕਾ ਮਿਲਿਆ । 34 ਸਾਲ ਦਾ ਲੰਮਾ ਸਮਾਂ ਆਪ ਨੇ ਨਾਇਬ ਐਡੀਟਰ ਅਖ਼ਬਾਰ ਬਦਰ ਦੇ ਰੂਪ ਵਿੱਚ ਸੇਵਾ ਕੀਤੀ । ਐਡੀਟਰ ਮਿਸ਼ਕਾਤ ਵੀ ਰਹੇ । ਤਾਰੀਖ਼ ਅਮਹਦੀਅਤ ਭਾਰਤ ਦੀ ਕਮੇਟੀ ਦੇ ਵੀ ਮੈਂਬਰ ਸਨ । ਰੂਹਾਨੀ ਖ਼ਜ਼ਾਇਨ ਦਾ ਜੋ ਕੰਪਿਊਟਰਾਇਜ਼ਡ ਐਡੀਸ਼ਨ ਪ੍ਰਕਾਸ਼ਤ ਹੋਇਆ ਸੀ ਇਸ ਵਿੱਚ ਇਹਨਾ ਨੇ ਪਰੂਫ਼ ਰੀਡਿੰਗ ਕੀਤੀ ਕੁਝ ਗ਼ਲਤੀਆਂ ਕੱਢੀਆਂ ਇਸਦੇ ਬਾਦ ਫਿਰ ਇਹਨਾ ਦੀ ਦੁਰਸਤੀ ਕੀਤੀ ਗਈ । ਬਹੁਤ ਬਰੀਕੀ ਨਾਲ ਪਰੂਫ਼ ਰੀਡਿੰਗ ਕਰਦੇ ਸਨ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕੁਝ ਕਿਤਾਬਾਂ ਜੋ ਅੱਡ ਅੱਡ ਪ੍ਰਕਾਸ਼ਤ ਹੋਈਆਂ ਹਨ ਇਹਨਾ ਦੀ ਪੂਰਨ ਪਰੂਫ਼ ਰੀਡਿੰਗ ਕੀਤੀ । ਆਰਿਆ ਧਰਮ ਅਤੇ ਸੱਤ ਬਚਨ ਦੇ ਹਵਾਲਿਆਂ ਦੀ ਭਾਲ, ਪੜਤਾਲ ਤੇ ਚੈਕਿੰਗ ਬਹੁਤ ਮਿਹਨਤ ਨਾਲ ਕੀਤੀ । ਇਹ ਕਿਹਾ ਕਰਦੇ ਸਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਸ ਕਿਤਾਬ ਨੂੰ ਹਿੰਦੂਆਂ ਤੇ ਸਿਖੱਾਂ ਲਈ ਸਨਦ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਇਹ ਦੋਵੇਂ ਕਿਤਾਬਾਂ ਦੋਹਾਂ ਧਰਮਾ ਲਈ ਬਹੁਤ ਮਹਤੱਵਪੂਰਨ ਹਨ । ਇਸ ਲਈ ਬਹੁਤ ਬਰੀਕੀ ਨਾਲ ਇਹਨਾ ਨੂੰ ਚੈਕ ਕਰਨਾ ਹੋਵੇਗਾ ਅਤੇ ਹਵਾਲੇ ਠੀਕ ਕਰਨੇ ਹੋਣਗੇ । ਕੁਰਆਨ ਕਰੀਮ ਜੋ ਖ਼ਤ ਮੰਜ਼ੂਰ ਵਿੱਚ ਪ੍ਰਕਾਸ਼ਤ ਹੋਇਆ ਹੈ ਇਸਦੇ ਸਾਫ਼ਟਵੇਅਰ ਦੀ ਤਿਆਰੀ ਵਿੱਚ ਇਹਨਾ ਦੀਆ ਬਹੁਤ ਸੇਵਾਵਾਂ ਹਨ । ਦਿਨ ਰਾਤ ਇਹਨਾ ਨੇ ਇਸਦੇ ਸੁਧਾਰ, ਦੁਰੁਸਤੀ ਅਤੇ ਸਵਛੱਤਾ ਲਈ ਕੰਮ ਕੀਤਾ । ਇਸ ਦੇ ਬਾਦ ਕੁਰਆਨ ਮਜੀਦ ਅੰਗ੍ਰੇਜ਼ੀ ਅਨੁਵਾਦ ਹਜ਼ਰਤ ਮੌਲਵੀ ਸ਼ੇਰ ਅਲੀ ਸਾਹਬ ਰਜ਼ੀ ਅਲੱਾਹੁ ਅਨਹੁ ਅਤੇ ਉਰਦੂ ਅਨੁਵਾਦ ਹਜ਼ਰਤ ਮੀਰ ਮੁਹਮੱਦ ਇਸਹਾਕ ਸਾਹਬ ਰਜ਼ੀ ਅਲੱਾਹੁ ਅਨਹੁ ਦੀ ਤਿਆਰੀ ਵਿੱਚ ਵੀ ਇਹਨਾ ਨੇ ਬਹੁਤ ਕੰਮ ਕੀਤਾ । ਖ਼ਤ ਮੰਜ਼ੂਰ (ਫਾਊਂਟ ਮੰਜ਼ੂਰ) ਵਿਚ ਸਾਦਾ ਕੁਰਆਨ ਕਰੀਮ ਤਾਂ ਪ੍ਰਕਾਸ਼ਤ ਹੋ ਗਿਆ । ਇਹਨਾ ਨੇ ਨਾਜ਼ਿਰ ਸਾਹਬ ਇਸ਼ਾਤ ਲਿਖੱਦੇ ਹਨ ਕਿ ਮੇਰੇ ਉਸਤਾਦ ਵੀ ਸਨ

ਅਤੇ ਮਾਮਾ ਸਹੁਰਾ ਵੀ ਸਨ, ਇਸ ਦੇ ਬਾਦ ਵੀ ਨਾਇਬ ਹੋਣ ਦੇ ਪੱਖੋਂ ਹਮੇਸ਼ਾ ਆਗਿਆਕਾਰੀ ਦੀ ਭਾਵਨਾ ਨਾਲ ਕੰਮ ਕੀਤਾ ਅਤੇ ਬਹੁਤ ਵਿਨਮ੍ਰਤਾ, ਆਜਜ਼ੀ ਤੇ ਹਲੀਮੀ ਨਾਲ ਗੱਲ ਕਰਦੇ ਸਨ । ਅਲੱਾਹ ਤਆਲਾ ਮਰਹੂਮ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਸੁਲੂਕ ਕਰੇ ।

ਦੂਜਾ ਜ਼ਿਕਰ ਹੈ ਸਯੱਦ ਬਸ਼ੀਰੁੱਦੀਨ ਅਹਮਦ ਸਾਹਬ ਮੁਬਲੱਗ਼ ਸਿਲਸਿਲਾ । ਇਹ ਵੀ ਕਾਦੀਆਂ ਦੇ ਹਨ । ਤਿਰਾਸੀ ਸਾਲ ਦੀ ਉਮਰ ਵਿੱਚ ਇਲਾਹੀ ਹੁਕਮ ਅਨੁਸਾਰ ਅਕਾਲ ਚਲਾਣਾ ਕਰ ਗਏ ਹਨ । اناللهوانااليهراجعون । ਸਯੱਦ ਸਯੱਦੁੱਦੀਨ ਸਾਹਬ ਸਹਾਬੀ ਰਜ਼ੀ ਅਲੱਾਹੁ ਅਨਹੁ ਦੇ ਪੋਤੇ ਸਨ । ਅਤਿਅੰਤ ਇਬਾਦਤ ਕਰਨ ਵਾਲੇ, ਦੁਆਵਾਂ ਕਰਨ ਵਾਲੇ, ਤਹਜੁੱਦ ਪੜ੍ਹਨ ਵਾਲੇ ਤੇ ਸਾਦਾ ਸੁਭਾਉ ਦੇ ਵਿਅਕਤੀ ਸਨ । ਮਰਹੂਮ ਮੂਸੀ ਸਨ । ਪਿਛੋਕੜ ਵਿੱਚ ਤਿੰਨ ਪੁਤੱਰ ਛੱਡੇ ਹਨ ਅਤੇ ਤਿੰਨੇ ਹੀ ਬੇਟੇ ਅੰਜੁਮਨ ਦੇ ਦਫ਼ਤਰਾਂ ਵਿੱਚ ਕੰਮ ਕਰ ਰਹੇ ਹਨ ।

ਅਗਲਾ ਜ਼ਿਕਰ ਹੈ ਬਸ਼ਾਰਤ ਅਹਮਦ ਸਾਹਬ ਹੈਦਰ ਸਪੁਤੱਰ ਫ਼ੈਜ ਅਹਮਦ ਸ਼ਾਹਨਾ ਵਕਫ਼ੇ ਜ਼ਿੰਦਗੀ ਕਾਦੀਆਂ ਦਾ, । ਇਹਨਾ ਦੀ ਬੀਤੇ ਦਿਨੀ ਇਕਤੱਰ ਸਾਲ ਦੀ ਉਮਰ ਵਿੱਚ ਵਫ਼ਾਤ ਹੋ ਗਈ ਹੈ । اناللهوانااليهراجعون । ਇਹ ਮਰਹੂਮ ਹਜ਼ਰਤ ਅਬਦੁਲ ਕਰੀਮ ਸਾਹਬ ਰਜ਼ੀ ਅਲੱਾਹੁ ਅਨਹੁ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਿਸ਼ਾਨ ਸਗ ਗ਼ਜ਼ੀਦਹ (ਕੁੱਤੇ ਦੇ ਕਟੱਣ ਦੇ ਕੁਪ੍ਰਭਾਵ) ਦੇ ਸਨ । ਇਹਨਾ ਦੇ ਪੋਤੇ ਸਨ, ਉਹ ਜੋ ਹਲਕਾਏ ਕੁੱਤੇ ਦੇ ਕਟੱਣ ਦਾ ਮਾਮਲਾ ਸੀ ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਰਜ਼ੀ ਅਲੱਾਹੁ ਅਨਹੁ ਉਹਨਾ ਦੇ ਪੋਤੇ ਹਨ ਅਤੇ ਇਹ ਜੀਵਨ ਵਕਫ਼ ਕਰਕੇ ਕਰਨਾਟਕ ਤੋਂ ਕਾਦੀਆਂ ਆਏ ਅਤੇ ਫਿਰ ਮਦਰਸਾ ਅਹਮਦੀਆ ਵਿੱਚ ਸਿੱਖਿਆ ਪ੍ਰਾਪਤ ਕਰਨ ਦੇ ਬਾਦ ਵੱਖ ਵੱਖ ਦਫ਼ਤਰਾਂ ਵਿੱਚ ਕੰਮ ਕੀਤਾ ਅਤੇ ਫਿਰ ਇਹ ਇੰਚਾਰਜ ਰਿਸ਼ਤਾ ਨਾਤਾ ਵਿਭਾਗ ਨਿਯੁਕਤ ਹੋਏ, ਇੱਥੇ ਹੀ ਆਪਣੀਆਂ ਸੇਵਾਵਾਂ ਨੇਪਰੇ ਚੜ੍ਹਾਈਆਂ ਅਤੇ ਛਿਆਲੀ ਸਾਲ ਤੱਕ ਜਾਮਤ ਦੀ ਸੇਵਾ ਕੀਤੀ । ਸਾਧਨ ਘੱਟ ਹੁੰਦਿਆਂ ਹੋਇਆਂ ਵੀ ਬਹੁਤ ਸੁਫ਼ੈਦ ਪੋਸ਼ੀ ਨਾਲ ਅਤਿਅੰਤ ਸਾਦਾ ਜੀਵਨ ਲੰਘਾਇਆ । ਬਹੁਤ ਸਾਦਾ ਜੀਵਨ ਸੀ । ਬਹੁਤ ਉਚੇਂ ਆਚਰਣ ਦੇ ਮਾਲਕ ਅਤੇ ਪ੍ਰੇਮੀ ਵਿਅਕਤੀ ਸਨ । ਮਰਹੂਮ ਮੂਸੀ ਸਨ । ਪਤਨੀ ਤੇ ਤਿੰਨ ਬੇਟੀਆਂ ਪਿਛੋਕੜ ਵਿੱਚ ਹਨ । ਬੇਟੀਆਂ ਨੂੰ ਤਾਲੀਮ ਵੀ ਚੰਗੀ ਦੁਆਈ ਅਤੇ ਫਿਰ ਜੀਵਨ ਵਕਫ਼ ਕਰਨ ਵਾਲਿਆਂ ਨਾਲ ਇਹਨਾ ਸਾਰੀਆਂ ਦੀ ਸ਼ਾਦੀਆਂ ਕੀਤੀਆਂ ।

ਇਹਨਾ ਤੋਂ ਬਿਨਾ ਹਜ਼ੂਰ ਅਨਵਰ ਨੇ ਹੇਠ ਲਿਖੇ ਮਰਹੂਮਾ ਦਾ ਵੀ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਉਂਣ ਦਾ ਐਲਾਨ ਕੀਤਾ । ਮੁਕਰੱਮ ਡਾਕਟਰ ਮੁਹਮੱਦ ਅਲੀ ਖਾਨ ਸਾਹਬ ਅਮੀਰ ਜਮਾਤ ਅਹਮਦੀਆ ਪਿਸ਼ਾਵਰ, ਮੁਕਰੱਮ ਰਫ਼ੀ ਖ਼ਾਨ ਸ਼ਹਿਜ਼ਾਦਾ ਸਾਹਬ ਸਾਬਕਾ ਸਦਰ ਮੁਹਲੱਾ ਦਾਰੁਲ ਰਹਿਮਤ ਸ਼ਰਕੀ ਰਾਜੇਕੀ ਰਬਵਾਹ, ਮੁਕਰੱਮ ਅਯਾਜ਼ ਯੂਨੁਸ ਸਾਹਬ ਆਸਟ੍ਰੇਲੀਆ, ਮੁਕਰੱਮ ਮੀਆਂ ਤਾਹਿਰ ਅਹਮਦ ਸਾਹਬ ਸਪੁਤੱਰ ਮੀਆਂ ਕੁਰਬਾਨ ਹੁਸੈਨ ਸਾਹਬ ਸਾਬਕ ਕਾਰਕੁਨ ਵਕਾਲਤੇ ਮਾਲ ਸਾਲਸ ਰਬਵਾਹ, ਮੁਕਰੱਮ ਰਫ਼ੀਕ ਆਫ਼ਤਾਬ ਸਾਹਬ ਯੂਕੇ, ਮਕਰੱਮਾ ਜ਼ਰੀਨਾ ਅਖ਼ਤਰ ਸਾਹਿਬਾ ਸੁਪੱਤਨੀ ਮਿਰਜ਼ਾ ਨਸੀਰ ਅਹਮਦ ਸਾਹਬ ਚੱਠੀ ਮਸੀਹ ਉਸਤਾਦ ਜਾਮਿਆ ਅਹਮਦੀਆ ਯੂਕੇ, ਮੁਕਰੱਮ ਹਾਫ਼ਿਜ਼ ਮੁਹਮੱਦ ਅਕਰਮ ਸਾਹਬ, ਮੁਕਰੱਮ ਚੋਧਰੀ ਨੂਰ ਅਹਮਦ ਨਾਸਿਰ ਸਾਹਬ ਅਤੇ ਮੁਕਰੱਮ ਮਹਮੂਦ ਅਹਮਦ ਮਿਨਹਾਸ ਸਾਹਬ ਸਪੁਤੱਰ ਹਕੀਮ ਉਬੈਦੁਲੱਾਹ ਮਿਨਹਾਸ ਸਾਹਬ । ਹਜ਼ਜੂਰ ਅਨਵਰ ਨੇ ਸਾਰਿਆਂ ਮਰਹੂਮਾਂ ਦੀ ਬਖ਼ਸ਼ਿਸ਼ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ
وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ
یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 21.05.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)